# ਪ੍ਰੈਸ ਨੋਟ

ਸ੍ਰੀ ਜੇ. ਇਲਨਚੇਲੀਅਨ, ਸੀਨੀਅਰ ਪੁਲਿਸ ਕਪਤਾਨ, ਹੁਸ਼ਿਆਰਪੁਰ ਵੱਲੋਂ ਜਾਰੀ ਪ੍ਰੈਸ ਨੋਟ ਵਿੱਚ ਦੱਸਿਆ ਗਿਆ ਕਿ ਜਿਲ੍ਹਾ ਹੁਸ਼ਿਆਰਪੁਰ ਦੇ ਥਾਣਿਆਂ ਵਿੱਚ ਜੋ ਵਹੀਕਲ ਅਤੇ ਮਾਲ ਮੁਕਦਮਾਂ ਫੈਸਲਾ ਸ਼ੁਦਾ ਮੁਕਦਮਿਆਂ ਦਾ ਮਾਲਖਾਨਾ ਥਾਣਾ ਵਿੱਚ ਪਿਆ ਹੈ। ਉਸ ਨੂੰ ਅਸਲ ਮਾਲਕਾਂ ਦੇ ਹਵਾਲੇ ਕਰਨ ਲਈ ਮੁੱਖ ਅਫਸਰ ਥਾਣਾ ਨੂੰ ਆਦੇਸ਼ ਦਿੱਤੇ ਗਏ ਸਨ ਕਿ ਅਦਾਲਤਾਂ ਵਲੋਂ ਹੁਕਮ ਹਾਸਲ ਕਰਕੇ ਇਹ ਵਹੀਕਲ ਅਤੇ ਮਾਲ ਮੁਕਦਮਾਂ ਅਸਲ ਮਾਲਕਾਂ ਦੇ ਹਵਾਲੇ ਕੀਤਾ ਜਾਵੇ। ਜਿਸ ਦੇ ਸਿੱਟੇ ਵੱਜੋ ਸ੍ਰੀ ਹਰਜਿੰਦਰ ਸਿੰਘ ਉਪ ਕਪਤਾਨ ਪੁਲਿਸ, ਸਪੈਸ਼ਲ ਬ੍ਰਾਂਚ ਦੀ ਨਿਗਰਾਨੀ ਹੇਠ ਸਬ-ਇੰਸਪੈਕਟਰ ਯਾਦਵਿੰਦਰ ਸਿੰਘ ਮੁੱਖ ਅਫਸ਼ਰ ਥਾਣਾ ਹਰਿਆਣਾ ਨੇ 38 ਮੁਕਦਮਿਆਂ ਦਾ ਮਾਲ ਮੁਕਦਮਾਂ ਅਸਲ ਮਾਲਕਾਂ ਦੇ ਹਵਾਲੇ ਕਰਨ ਲਈ ਅਦਾਲਤ ਵੱਲੋਂ ਪੂਰੀ ਮਿਹਨਤ ਨਾਲ ਹੁਕਮ ਹਾਸਲ ਕੀਤੇ ਜਿੰਨਾ ਵਿੱਚ 14 ਸਕੂਟਰ, 12 ਮੋਟਰਸਾਈਕਲ, 06 ਕਾਰਾਂ, 05 ਸਾਈਕਲ, 01 ਟਰਾਲੀ ਅਤੇ 01 ਟਰੈਕਟਰ ਸੀ। ਜੋ ਇਹ ਵਹੀਕਲ ਅਸਲ ਮਾਲਕਾਂ ਦੇ ਹਵਾਲੇ ਕੀਤੇ ਗਏ। ਜਿੰਨਾ ਦੀ ਕੀਮਤ ਕਰੀਬ 18,00,000/- ਰੁਪਏ ਬਣਦੀ ਹੈ।